# ਵਰਕਪਲੇਸ ਜਸਟਿਸ ਵੀਜ਼ਾ ਕੀ ਹੈ?

**ਵਰਕਪਲੇਸ ਜਸਟਿਸ ਵੀਜ਼ਾ** ਇੱਕ ਅਸਥਾਈ ਵੀਜ਼ਾ ਹੈ ਜੋ ਕੁਝ ਅਸਥਾਈ ਵੀਜ਼ਾ ਧਾਰਕਾਂ, ਜਾਂ ਹਾਲ ਹੀ ਦੇ ਅਸਥਾਈ ਵੀਜ਼ਾ ਧਾਰਕਾਂ ਨੂੰ ਆਸਟ੍ਰੇਲੀਆ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ ਤਾਂ ਜੋ ਉਹ ਕੰਮ ਵਾਲੀ ਥਾਂ 'ਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਹੋਣ 'ਤੇ ਕਾਨੂੰਨੀ ਕਾਰਵਾਈ ਕਰ ਸਕਣ।

ਵਰਕਪਲੇਸ ਜਸਟਿਸ ਵੀਜ਼ਾ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਕੰਮ ਦੇ ਅਧਿਕਾਰਾਂ ਵਾਲਾ ਇੱਕ ਅਸਥਾਈ ਵੀਜ਼ਾ ਹੋਵੇ, ਜਾਂ ਪਹਿਲਾਂ ਕਦੇ ਰਿਹਾ ਹੋਵੇ।

ਵਰਕਪਲੇਸ ਜਸਟਿਸ ਵੀਜ਼ਾ ਵਾਸਤੇ ਅਰਜ਼ੀ ਦੇਣ ਲਈ ਤੁਹਾਨੂੰ ਕਿਸੇ ਫੀਸ ਦਾ ਭੁਗਤਾਨ **ਨਹੀਂ ਕਰਨਾ** ਪਵੇਗਾ।

## ਤੁਸੀ ਇਸਦੇ ਯੋਗ ਹੋ ਸਕਦੇ ਹੋ ਜੇਕਰ ਤੁਸੀ:

- ਤੁਸੀ ਆਸਟਰ੍ਰੇਲੀਆ ਵਿੱਚ ਹੋ, ਜਾਂ ਤਾਂ:
  - ਤੁਸੀ ਇੱਕ ਅਸਥਾਈ ਵੀਜ਼ੇ 'ਤੇ ਹੋ ਜਿਸਦੇ ਵਿੱਚ ਕੰਮ ਕਰਨ ਦੇ ਅਧਿਕਾਰ ਹਨ (ਇਸ ਵਿੱਚ ਬਿਰ੍ਜਿੰਗ ਵੀਜ਼ਾ, ਕਿਰ੍ਮੀਨਲ ਜਸਟਿਸ ਵੀਜ਼ਾ ਜਾਂ ਇਨਫੋਰਸਮੈਂਟ ਵੀਜ਼ਾ ਸ਼ਾਮਿਲ ਨਹੀ ਹਨ), ਅਤੇ ਜੋ 28 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਵਿੱਚ ਖਤਮ ਹੋ ਰਿਹਾ ਹੈ, ਜਾਂ
  - ਕੰਮ ਕਰਨ ਦੇ ਅਧਿਕਾਰਾਂ ਸਹਿਤ, ਤੁਹਾਡੇ ਕੋਲ ਕਦੇ ਵੀ ਅਸਥਾਈ ਵੀਜ਼ਾ ਰਿਹਾ ਹੈ (ਇਸ ਵਿੱਚ ਬਿਰ੍ਜਿੰਗ ਵੀਜ਼ਾ, ਅਪਰਾਧਿਕ ਨਿਆਂ ਵੀਜ਼ਾ ਜਾਂ ਇਨਫੋਰਸਮੈਂਟ ਵੀਜ਼ਾ ਸ਼ਾਮਿਲ ਨਹੀ ਹਨ), ਜਿਸਦੀ ਮਿਆਦ ਮੁੱਕੇ ਹੋਏ ਨੂੰ 28 ਦਿਨਾਂ ਤੋਂ ਵੱਧ ਨਹੀ ਹੋਏ ਹੋਣੇ ਚਾਹੀਦੇ।
- ਤੁਹਾਡੇ **ਕੰਮ ਵਾਲੀ ਥਾਂ 'ਤੇ ਹੋਏ ਸ਼ੋਸ਼ਣ ਦੇ ਮਾਮਲੇ** ਨੂੰ ਇੱਕ ਮਾਨਤਾ ਪਰ੍ਾਪਤ ਪਰ੍ਮਾਣੀਕਰਣ ਸੰਸਥਾ ਦੁਆਰਾ ਪਰ੍ਮਾਣਿਤ ਕੀਤਾ ਗਿਆ ਹੋਵੇ।
- ਤੁਹਾਡੇ ਕੋਲ ਸਿਹਤ ਬੀਮਾ ਅਤੇ ਇੰਨਾ ਕੁ ਪੈਸਾ ਹੋਣਾ ਚਾਹੀਦਾ ਹੈ ਜੋ ਆਸਟਰ੍ਰੇਲੀਆ ਵਿੱਚ ਰਹਿਣ-ਸਹਿਣ ਲਈ ਚਾਹੀਦਾ ਹੈ।
- ਤੁਹਾਡਾ ਆਸਟਰ੍ਰੇਲੀਆ ਵਿੱਚ ਰਹਿਣ ਦਾ ਇਰਾਦਾ ਅਸਥਾਈ ਸਮੇਂ ਦਾ ਹੋਣਾ ਚਾਹੀਦਾ ਹੈ।
- ਤੁਸੀ ਕੁਝ ਸਿਹਤ ਅਤੇ ਚਰਿੱਤਰ ਦੇ ਮਾਪਦੰਡ ਪੂਰੇ ਕਰਦੇ ਹੋਣੇ ਚਾਹੀਦੇ ਹੋ।

## ਤੁਸੀ ਯੋਗ ਨਹੀ ਹੋ ਸਕਦੇ:

- ਜੇਕਰ ਤੁਹਾਡਾ ਵੀਜ਼ਾ ਨਾਮੰਜ਼ੂਰ ਜਾਂ ਰੱਦ ਕਰ ਦਿੱਤਾ ਗਿਆ ਹੈ ਤਾਂ ਤੁਸੀ ਵਰਕਪਲੇਸ ਜਸਟਿਸ ਵੀਜ਼ਾ ਲਈ ਯੋਗ ਨਹੀ ਹੋ ਸਕਦੇ।
- ਜੇਕਰ ਤੁਹਾਡੇ ਕੋਲ 28 ਦਿਨਾਂ ਤੋਂ ਵੱਧ ਸਮੇਂ ਲਈ ਕੰਮ ਦੇ ਅਧਿਕਾਰਾਂ ਵਾਲਾ ਅਸਥਾਈ ਵੀਜ਼ਾ ਨਹੀ ਹੈ ਅਤੇ ਤੁਹਾਡੇ ਕੋਲ ਵਰਤਮਾਨ ਵਿੱਚ ਬਿਰ੍ਜਿੰਗ ਵੀਜ਼ਾ, ਅਪਰਾਧਿਕ ਨਿਆਂ ਵੀਜ਼ਾ, ਇਨਫੋਰਸਮੈਂਟ ਵੀਜ਼ਾ ਹੈ ਜਾਂ ਜੇ ਤੁਸੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹੋ ਤਾਂ ਤੁਸੀ ਵਰਕ ਜਸਟਿਸ ਵੀਜ਼ਾ ਲਈ ਯੋਗ ਨਹੀ ਹੋਵੋਗੇ।

## ਕੰਮ ਵਾਲੀ ਥਾਂ 'ਤੇ ਸ਼ੋਸ਼ਣ ਦਾ ਮਾਮਲਾ ਤੁਹਾਡੇ ਨਾਲ ਸਬੰਧਿਤ ਹੋ ਸਕਦਾ ਹੈ ਜੇਕਰ:



ਤੁਹਾਨੂੰ ਸਹੀ ਭੁਗਤਾਨ ਨਹੀਂ ਕੀਤਾ ਗਿਆ (ਜਾਂ ਬਿਲਕੁਲ ਵੀ ਭੁਗਤਾਨ ਨਹੀਂ ਕੀਤਾ ਗਿਆ)



ਕਿਸੇ ਕੰਮ ਦੇ ਬਦਲੇ ਭੁਗਤਾਨ ਕਰਨ ਵਾਸਤੇ ਤੁਹਾਡੇ 'ਤੇ ਦਬਾਅ ਪਾਇਆ ਗਿਆ ਸੀ



ਤੁਸੀਂ ਅਸੁਰੱਖਿਅਤ ਹਾਲਤਾਂ ਵਿੱਚ ਕੰਮ ਕੀਤਾ



ਤੁਹਾਡੇ 'ਤੇ ਜਿਨਸੀ ਸ਼ੋਸ਼ਣ ਕੀਤਾ ਗਿਆ



ਤੁਹਾਡੇ ਬੌਸ ਨੇ ਤੁਹਾਡਾ ਵੀਜ਼ਾ ਰੱਦ ਕਰਨ ਦੀ ਧਮਕੀ ਦਿੱਤੀ ਸੀ



ਤੁਹਾਨੂੰ ਗਲਤ ਤਰੀਕੇ ਨਾਲ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ




ਜਦੋਂ ਤੁਹਾਨੂੰ ਇੱਕ ਕਰਮਚਾਰੀ ਵਜੋਂ ਨੌਕਰੀ 'ਤੇ ਰੱਖਿਆ ਜਾਣਾ ਚਾਹੀਦਾ ਸੀ, ਤੁਹਾਨੂੰ ABN ਲੈਣ ਲਈ ਮਜਬੂਰ ਕੀਤਾ ਗਿਆ ਸੀ

## ਮੈਂ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇਣਾ ਚਾਹੁੰਦਾ/ਦੀ ਹਾਂ, ਮੈਨੂੰ ਕੀ ਕਰਨਾ ਚਾਹੀਦਾ ਹੈ?



## ਮੈਂ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇਣਾ ਚਾਹੁੰਦਾ/ਦੀ ਹਾਂ, ਮੈਨੂੰ ਕੀ ਕਰਨਾ ਚਾਹੀਦਾ ਹੈ?

ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਤੁਸੀਂ ਪ੍ਰਵਾਸੀ **ਅਤੇ** ਰੁਜ਼ਗਾਰ ਕਾਨੂੰਨਾਂ ਬਾਰੇ ਸਲਾਹ ਲੈ ਲਉ।

**1**

**ਤੁਹਾਨੂੰ ਇਮੀਗ੍ਰੇਸ਼ਨ (ਪ੍ਰਵਾਸੀ) ਕਾਨੂੰਨ ਬਾਰੇ ਸਲਾਹ ਲੈਣੀ ਚਾਹੀਦੀ ਹੈ।**

ਤੁਸੀਂ ਕਿਸੇ ਅਜਿਹੇ ਕਮਿਊਨਿਟੀ ਲੀਗਲ ਸੈਂਟਰ ਨਾਲ ਸੰਪਰਕ ਕਰ ਸਕਦੇ ਹੋ ਜੋ ਪ੍ਰਵਾਸੀ ਕਾਨੂੰਨ ਵਿੱਚ ਮਾਹਰ ਹੈ, ਕਿਸੇ ਯੂਨੀਅਨ ਨਾਲ (ਅਤੇ ਉਨ੍ਹਾਂ ਦੀ ਇਮੀਗ੍ਰੇਸ਼ਨ ਕਾਨੂੰਨ ਸੇਵਾ ਵਾਸਤੇ ਰੈਫਰਲ ਮੰਗ ਸਕਦੇ ਹੋ) ਜਾਂ ਕਿਸੇ ਨਿੱਜੀ ਇਮੀਗ੍ਰੇਸ਼ਨ ਏਜੰਟ ਜਾਂ ਵਕੀਲ ਨਾਲ ਸੰਪਰਕ ਕਰ ਸਕਦੇ ਹੋ।

**2**

**ਜੇਕਰ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤੁਸੀਂ ਵਰਕਪਲੇਸ ਜਸਟਿਸ ਵੀਜ਼ਾ ਲਈ ਯੋਗ ਹੋ ਸਕਦੇ ਹੋ, ਤਾਂ ਤੁਹਾਨੂੰ ਕਿਸੇ ਅਜਿਹੀ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੋ ਤੁਹਾਨੂੰ ਰੁਜ਼ਗਾਰ ਕਾਨੂੰਨਾਂ ਬਾਰੇ ਸਲਾਹ ਦੇ ਸਕੇ ਅਤੇ ਤੁਹਾਡੇ ਵਰਕਪਲੇਸ ਸ਼ੋਸ਼ਣ ਦੇ ਕੇਸ ਨੂੰ ਪ੍ਰਮਾਣਿਤ ਕਰ ਸਕੇ।**

**ਹੇਠ ਲਿਖੀਆਂ ਸੰਸਥਾਵਾਂ ਤੁਹਾਡੇ ਕੰਮ ਵਾਲੀ ਥਾਂ 'ਤੇ ਹੋਏ ਸ਼ੋਸ਼ਣ ਦੇ ਮਾਮਲੇ ਨੂੰ ਪ੍ਰਮਾਣਿਤ ਕਰ ਸਕਦੀਆਂ ਹਨ:**

- Fair Work Ombudsman
- Australian Rail, Tram and Bus Industry Union
- Australian Workers' Union
- Australasian Meat Industry Employees' Union
- Electrical Trades Union of Australia
- Human Rights Law Centre
- Migrant Workers Centre
- Redfern Legal Centre
- SA Unions
- Shop, Distributive and Allied Employees' Association
- Unions Tasmania
- The Association of Professional Engineers, Scientists and Managers
- UnionsACT
- Transport Workers' Union of Australia
- Unions NSW
- UnionsWA
- United Workers Union
- WEstjustice

MIGRANT WORKERS CENTRE

ਪ੍ਰਵਾਸੀ ਕਰਮੀ ਕੇਂਦਰ (Migrant Workers Centre) ਇੱਕ ਛੋਟੀ ਜਿਹੀ ਭਾਈਚਾਰਕ ਕਾਨੂੰਨੀ ਸੇਵਾ ਹੈ ਜੋ ਉਨ੍ਹਾਂ ਪ੍ਰਵਾਸੀਆਂ ਨੂੰ ਰੁਜ਼ਗਾਰ ਨਾਲ ਸਬੰਧਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਦੀ ਹੈ ਜੋ **ਵਿਕਟੋਰੀਆ ਵਿੱਚ** ਰਹਿੰਦੇ ਜਾਂ ਕੰਮ ਕਰਦੇ ਹਨ।

ਅਸੀਂ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇ ਸਮਰਥਨ ਵਜੋਂ ਸਰਟੀਫਿਕੇਟ ਜਾਰੀ ਕਰ ਸਕਦੇ ਹਾਂ। ਹਾਲਾਂਕਿ, ਅਸੀਂ ਆਮ ਤੌਰ 'ਤੇ ਸਿਰਫ਼ ਸਾਡੀ ਸੇਵਾ ਦੀ ਵਰਤੋਂ ਕਰਨ ਵਾਲੇ ਗਾਹਕਾਂ ਨੂੰ ਹੀ ਪ੍ਰਮਾਣਿਤ ਕਰਾਂਗੇ, ਜਿੱਥੇ ਅਸੀਂ ਉਨ੍ਹਾਂ ਦੇ ਵਰਕਪਲੇਸ ਸ਼ੋਸ਼ਣ ਦੇ ਮਾਮਲੇ ਵਿੱਚ ਉਨ੍ਹਾਂ ਦੀ ਨੁਮਾਇੰਦਗੀ ਕਰ ਰਹੇ ਹਾਂ।

**ਵਰਕਪਲੇਸ ਜਸਟਿਸ ਵੀਜ਼ਾ ਬਾਰੇ ਹੋਰ ਜਾਣੋ**

**migrantworkers.org.au**

**3**

**ਇੱਕ ਵਾਰ ਜਦੋਂ ਤੁਹਾਡਾ ਪ੍ਰਮਾਣੀਕਰਣ ਹੋ ਜਾਂਦਾ ਹੈ, ਤਾਂ ਤੁਹਾਨੂੰ ਆਪਣੀ ਅਰਜ਼ੀ ਵਿੱਚ ਸਹਾਇਤਾ ਲਈ ਕਿਸੇ ਇਮੀਗ੍ਰੇਸ਼ਨ ਏਜੰਟ ਜਾਂ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ।**

ਤੁਸੀਂ ਆਪਣੇ ImmiAccount ਰਾਹੀਂ ਵੀ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇ ਸਕਦੇ ਹੋ। ਤੁਹਾਨੂੰ "ਵਰਕਪਲੇਸ ਜਸਟਿਸ ਪਾਇਲਟ/Workplace Justice Pilot" ਵਿੱਚ ਸਬਕਲਾਸ 408 ਵੀਜ਼ਾ ਲਈ ਅਰਜ਼ੀ ਦੇਣੀ ਹੋਏਗੀ ਅਤੇ ਆਪਣੀ ਅਰਜ਼ੀ ਦੇ ਨਾਲ ਹੇਠ ਲਿਖੇ ਦਸਤਾਵੇਜ਼ ਪ੍ਰਦਾਨ ਕਰਨੇ ਪੈਣਗੇ:

- ਤੁਹਾਡੇ ਕੰਮ ਵਾਲੀ ਥਾਂ 'ਤੇ ਹੋਏ ਸ਼ੋਸ਼ਣ ਦੇ ਮਾਮਲੇ ਦਾ ਪਰ੍ਮਾਣੀਕਰਣ (ਉਨਹ੍ਹਾਂ ਸੰਗਠਨਾਂ ਦੀ ਸੂਚੀ ਵੇਖੋ ਜੋ **ਉੱਪਰ** ਦੱਸੇ ਗਏ ਕੰਮ ਵਾਲੀ ਥਾਂ 'ਤੇ ਸ਼ੋਸ਼ਣ ਦੇ ਤੁਹਾਡੇ ਮਾਮਲੇ ਨੂੰ ਪਰ੍ਮਾਣਿਤ ਕਰ ਸਕਦੇ ਹਨ)।
- ਇਸ ਗੱਲ ਦਾ ਸਬੂਤ ਕਿ ਤੁਹਾਡੇ ਕੋਲ ਆਸਟਰੇਲੀਆ ਵਿੱਚ ਰਹਿਣ ਲਈ ਕਾਫ਼ੀ ਧਨ ਉਪਲਬਧ ਹੈ।
- ਇਸ ਗੱਲ ਦਾ ਸਬੂਤ ਕਿ ਤੁਹਾਡੇ ਕੋਲ ਢੁੱਕਵਾਂ ਸਿਹਤ ਬੀਮਾ ਮੌਜੂਦ ਹੈ।

**ਕੀ ਤੁਸੀਂ ਕੰਮ ਵਾਲੀ ਥਾਂ 'ਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਹੋ?**

**ਤੁਸੀਂ ਕਾਨੂੰਨੀ ਕਾਰਵਾਈ ਕਰਨ ਲਈ ਆਸਟ੍ਰੇਲੀਆ ਵਿੱਚ ਰਹਿ ਸਕਦੇ ਹੋ।**

# ਵਰਕਪਲੇਸ ਜਸਟਿਸ ਵੀਜ਼ਾ ਬਾਰੇ ਪੁੱਛੋ



**ਪੰਜਾਬੀ**

**Punjabi**

MIGRANT WORKERS CENTRE